**Exam. Code : 108503**
**Subject Code : 2077**

**B.Com. 3rd Semester**

**PUNJABI COMPULSORY**

**Paper–BCG-302 (i)**

Time Allowed—3 Hours] [Maximum Marks—50

**ਨੋਟ :—** ਕੁੱਲ **ਪੰਜ** ਪ੍ਰਸ਼ਨ ਕਰੋ। ਸੱਭ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ (10×5=50) ਹਰੇਕ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।

**ਭਾਗ—ੳ**

1. "ਪੰਜਾਬ ਦਾ ਸੱਭਿਆਚਾਰ" ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।
2. "ਕਾਠ ਦੀ ਰੋਟੀ" ਨਿਬੰਧ ਦਾ ਕਲਾ-ਪੱਖ ਵਿਚਾਰੋ।

**ਭਾਗ—ਅ**

3. "ਸੁਹਾਗ" ਇਕਾਂਗੀ ਦੇ ਵਿਸ਼ੇ ਪੱਖ 'ਤੇ ਵਿਚਾਰ ਕਰੋ।
4. "ਚਾਬੀਆਂ" ਇਕਾਂਗੀ ਦੇ ਪ੍ਰਮੁੱਖ ਦੋ ਪਾਤਰਾਂ ਦਾ ਚਿਤਰਨ ਕਰੋ।

**ਭਾਗ—ੲ**

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ ਢੁੱਕਵਾਂ ਸਿਰਲੇਖ ਲਿਖੋ :

ਰੁੱਖ ਤਾਂ ਆਪਣੇ ਵਿਸ਼ੇਸ਼ ਗੁਣਾਂ ਕਾਰਨ ਪੂਜਣਯੋਗ ਹਨ, ਤੁਲਸੀ, ਨਿੰਮ, ਪਿੱਪਲ ਤਾਂ ਹੈ ਹੀ ਗੁਣਾਂ ਦੇ ਖ਼ਜ਼ਾਨੇ। ਇਨ੍ਹਾਂ ਤੋਂ ਛਾਂ ਮਿਲਦੀ ਹੈ। ਫਲ, ਫੁੱਲ, ਹਰਿਆਵਲ, ਫਰਨੀਚਰ, ਬਾਲਣ, ਗੂੰਦ, ਬਰੋਜ਼ਾ, ਕਾਗ਼ਜ਼ ਤੇ ਕਈ ਜੜ੍ਹੀ-ਬੂਟੀਆਂ ਜੋ ਦਵਾਈਆਂ



Scanned with CamScanner

ਵਿੱਚ ਵਰਤੀਆਂ ਜਾਂਦੀਆਂ ਹਨ, ਰੁੱਖਾਂ ਦੀ ਬਦੌਲਤ ਹੀ ਹਨ। ਇਹ ਵਾਤਾਵਰਨ ਨੂੰ ਸ਼ੁਧ, ਪਵਿੱਤਰ ਤੇ ਬੇਦਾਗ਼ ਰੱਖਦੇ ਹਨ, ਪਾਣੀ ਦਾ ਸੋਮਾ ਹੁੰਦੇ ਹਨ, ਹੜ੍ਹਾਂ ਨੂੰ ਰੋਕਣ ਵਿੱਚ ਸਹਾਈ ਹੁੰਦੇ ਹਨ, ਪਾਣੀ ਦਾ ਪੱਧਰ ਕੰਟਰੋਲ ਵਿੱਚ ਰੱਖਦੇ, ਭੋਂ-ਖੋਰ ਨੂੰ ਬਚਾਉਂਦੇ, ਆਕਸੀਜਨ ਦਿੰਦੇ ਤੇ ਕਾਰਬਨ-ਡਾਈਆਕਸਾਈਡ ਸੋਖ ਕੇ ਮਨੁੱਖੀ ਜੀਵਨ ਨੂੰ ਬਚਾਈ ਰੱਖਦੇ ਹਨ। ਪੰਛੀ ਇਨ੍ਹਾਂ 'ਤੇ ਆਲ੍ਹਣੇ ਪਾਉਂਦੇ ਹਨ। ਰੁੱਖ ਪ੍ਰਤੀਕ ਹਨ ਖੁਸ਼ੀਆਂ-ਖੇੜਿਆਂ ਤੇ ਹਰਿਆਵਲ ਦਾ।

6. ਹੇਠ ਲਿਖੇ ਪੈਰ੍ਹੇ ਦੀ ਸ਼ਬਦ-ਜੋੜਾਂ ਪੱਖੋਂ ਸੁਧਾਈ ਕਰੋ :

ਬਾਬਾ ਜੀ ਨੇ ਕਿਹਾਅ ਕੜਿਉ, ਰੋਲਾ ਨਾ ਪਾਔ। ਮੇਅਰੀ ਐਣਕ ਗੁਵਾਚ ਗਈ ਹੈ। ਐਨਕ ਲੱਭ ਲਿਯਾਓ ਮੈਂ ਸੇਰ ਕਰਣ ਜਾਨਾ ਹੈ। ਤੁਸੀਂ ਵੀ ਮੈਰੇ ਨਾਲ ਚੱਅਲੋ। ਸਬੇਰ ਦੀ ਸੇਰ ਦੇ ਬਹੌਤ ਲਾਬ ਹੁੰਦੇ ਹਨ।

ਭਾਗ—ਸ

7. ਵਾਕ ਨੂੰ ਪਰਿਭਾਸ਼ਤ ਕਰਦਿਆਂ ਇਸਦੀਆਂ ਕਿਸਮਾਂ ਨੂੰ ਉਦਾਹਰਨਾਂ ਸਹਿਤ ਸਪੱਸ਼ਟ ਕਰੋ।

8. ਭਾਵੰਸ਼ ਦੀਆਂ ਵੰਨਗੀਆਂ ਨੂੰ ਉਦਾਹਰਨਾਂ ਨਾਲ ਸਪੱਸ਼ਟ ਕਰੋ।



Scanned with CamScanner